SSI In California

ਜਿਹੜੇ ਲੋਕਾਂ ਨੂੰ ਪੈਸੇ ਦੀ ਮਦਦ ਚਾਹੀਦੀ ਹੈ ਅਤੇ ਉਨ੍ਹਾਂ ਦੀ ਉਮਰ 65 ਜਾਂ ਜ਼ਿਆਦਾ ਸਾਲਾਂ ਦੀ ਹੈ, ਜਾਂ ਕੋਈ ਵੀ ਉਮਰ ਦੇ ਅੰਨ੍ਹੇ ਜਾਂ ਅਸਮਰੱਥ ਹਨ (ਬੱਚੇ ਭੀ) ਉਹ ਸਰਕਾਰ ਤੋਂ ਹਰ ਮਹੀਨੇ ਪੈਸੇ ਲੈਣ ਲਈ ਸ਼ਾਇਦ ਹਕਦਾਰ ਹੋ ਸਕਦੇ ਹਨ। ਇਸ ਪੈਸਿਆਂ ਦੀ ਮਦਦ ਨੂੰ ਸਪਲੀਮੈਂਟਲ ਸਕਿਉਰਟੀ ਇਨਕਮ (SSI) ਕਹਿੰਦੇ ਹਨ। ਤੁਸੀਂ ਇਸ ਮਦਦ ਦੇ ਹਕਦਾਰ ਹੋ ਸਕਦੇ ਹੋ ਜੇ ਤੁਹਾਡੀ ਆਮਦਨ ਬਿਲਕੁਲ ਘੱਟ ਹੈ ਜਾਂ ਨਹੀਂ ਹੈ ਅਤੇ ਜੇ ਕੱਲੇ ਹੋ ਤੇ ਤੁਹਾਡੀਆਂ ਸਾਰੀਆਂ ਚੀਜ਼ਾਂ ਦੀ ਕੀਮਤ $2000 ਤੋਂ ਘੱਟ ਹੈ ਅਤੇ ਜੇ ਤੁਸੀਂ ਵਿਆਹੇ ਹੋ ਤੇ ਤੁਹਾਡੀਆਂ ਸਾਰੀਆਂ ਚੀਜ਼ਾਂ ਦੀ ਕੀਮਤ $3000 ਤੋਂ ਘੱਟ ਹੈ। ਅਸੀਂ ਘਰ ਦੀ ਤੇ ਕਾਰ ਦੀ (ਜੇ ਕੋਈ ਬਹੁਤ ਮਹਿੰਗਾ ਮਾਡਲ ਨਾਂ ਹੋਵੇ) ਕੀਮਤ ਚੀਜ਼ਾਂ ਵਿੱਚ ਨਹੀਂ ਗਿਣਦੇ। ਹੋਰ ਭੀ ਕਈ ਕਿਸਮ ਦੀ ਜਾਇਦਾਦ ਦੀ ਕੀਮਤ ਨਹੀਂ ਗਿਣਦੇ। ਪੂਰੀ ਜਾਣਕਾਰੀ ਲਈ ਸੋਸ਼ਲ ਸਕਿਉਰਟੀ ਦੇ ਦਫਤਰ ਨਾਲ ਗੱਲ ਕਰੋ।

ਆਮਦਨ ਤੋਂ ਇਲਾਵਾ, ਤੁਹਾਡੀ ਰਹਾਇਸ਼ ਅਮਰੀਕਾ ਜਾਂ ਉੱਤਰ ਦੇ ਮੇਰੀਆਨਾ ਟਾਪੂ ਦੇ ਵਿੱਚ ਹੋਣੀ ਚਾਹੀਦੀ ਹੈ, ਅਤੇ ਥੱਲੇ ਦੇ ਇੱਕ ਗਰੁੱਪ ਵਿੱਚ ਹੋਣੇ ਚਾਹੀਦੇ ਹੋ।

- ਅਮਰੀਕਾ ਦੇ ਸਿਟੀਜ਼ਨ ਜਾਂ ਨਾਗਰਕ
- ਅਮਰੀਕਾ ਦੇ ਕੁਛ ਪਹਿਲੇ ਨਿਵਾਸੀ
- ਕਨੂੰਨੀ ਪੱਕੇ ਰਹਿਣ ਵਾਲੇ ਜਿਨ੍ਹਾਂ ਨੂੰ 40 ਕੰਮ ਦੇ ਕਰੈਡਟ ਮਿਲੇ ਹੋਣ।
- ਜਿਹੜੇ ਸਿਟੀਜ਼ਨ ਨਹੀਂ ਪਰ ਇਸ ਮੁਲਕ ਦੀ ਫੌਜ ਦੇ ਵਿੱਚ ਸਰਵਿਸ ਕੀਤੀ ਹੋਵੇ ਤੇ ਉਹਨਾਂ ਦੇ ਪਤੀ ਪਤਨੀ ਜਾਂ ਕੁਆਰੇ ਨਿਰਭਰ ਬੱਚੇ।
- ਕਨੂੰਨੀ ਪੱਕੇ ਰਹਿਣ ਵਾਲੇ ਜਿਹੜੇ ਅੰਨ੍ਹੇ, ਅਸਮਰੱਥ ਜਾਂ 22 ਅਗੱਸਤ 1996 ਤੋਂ SSI ਲੈ ਰਹੇ ਹੋ, ਅਤੇ
- ਜਿਹੜੇ ਅੱਧੇ ਅਮਰੀਕਨ ਅੱਧੇ ਏਸ਼ੀਅਨ ਇਮੀਗਰੈਂਟ, ਕਿਊਬਾ/ਹੈਟੀ ਤੋਂ ਦਾਖ਼ਲ ਹੋਣ ਵਾਲੇ, ਰਫਿਊਜੀ, ਪਨਾਹੀ, ਜਿੰਨ੍ਹਾਂ ਦੀ ਡਿਪੋਰਟੇਸ਼ਨ ਰੁਕ ਗਈ ਹੋਵੇ ਉਹ ਇਮੀਗਰੇਸ਼ਨ ਦਾ ਰੁਤਬਾ ਮਿਲਣ ਤੋਂ ਬਾਅਦ ਸੱਤ ਸਾਲ ਤੱਕ ਪੈਸੇ ਲੈ ਸਕਦੇ ਹਨ।

ਜਿਹੜੇ ਸਿਟੀਜ਼ਨ ਨਹੀਂ ਉਹ ਹੋਰ ਹੱਕਾਂ ਦੀ ਜਾਣਕਾਰੀ ਲਈ ਸਪਲੀਮੈਂਟਲ ਸਕਿਉਰਟੀ ਇਨਕਮ ਫੌਰ ਨੌਨ ਸਿਟੀਜ਼ਨਜ਼ ਪਬਲੀਕੇਸ਼ਨ ਨੰਬਰ 05-11051 ਦੇਖੋ।

ਜੇ ਕਿਸੇ ਹੋਰ ਲਾਭ ਲਈ ਹਕਦਾਰ ਹੋਵੋ ਤਾਂ ਉਸ ਲਈ ਵਖਰੀ ਦਰਖਾਸਤ ਦਿਉ।

ਭਾਵੇਂ ਸੋਸ਼ਲ ਸਕਿਉਰਟੀ ਵਾਲੇ ਇਹ ਕੰਮ ਸਾਂਭਦੇ ਹਨ ਪਰ SSI ਅਤੇ ਸੋਸ਼ਲ ਸਕਿਉਰਟੀ ਇੱਕ ਨਹੀਂ ਹੈ। SSI ਦੇ ਪੈਸੇ ਅਮਰੀਕਾ ਦੇ ਜਨਰਲ ਫੰਡ ਦੇ ਖ਼ਜ਼ਾਨੇ ਵਿੱਚੋਂ ਆਉਂਦੇ ਹਨ। SSI ਦੇ ਲੋਕਾਂ ਦੀ ਮਦਦ ਵਾਸਤੇ, ਸਰਕਾਰ ਦੇ ਪੈਸਿਆਂ ਵਿੱਚ ਕੈਲੇਫੋਰਨੀਆ ਦੀ ਗੌਰਮੈਂਟ ਹੋਰ ਪੈਸੇ ਪਾਉਂਦੀਂ ਹੈ। ਸਰਕਾਰੀ ਮਦਦ ਵਿੱਚ ਪੈਸੇ ਪਾਉਣ ਲਈ, ਕੈਲੇਫੋਰਨੀਆ ਦੀ ਗੌਰਮੈਂਟ ਤੇ ਸਰਕਾਰ ਦਾ ਸਮਝੌਤਾ ਹੈ। SSI ਵਾਲਿਆਂ ਲੋਕਾਂ ਨੂੰ ਹਰ ਮਹੀਨੇ ਦੇ ਪਹਿਲੇ ਹਫਤੇ ਕੈਲੇਫੋਰਨੀਆ ਅਤੇ ਸਰਕਾਰ ਵਲੋਂ ਇਕੱਠੇ ਪੈਸੇ ਆਉਂਦੇ ਹਨ। ਵੱਖੋ ਵੱਖਰੇ ਢੰਗ ਦੇ ਰਹਿਣ ਦਾ, 1999 ਸਾਲ ਦੇ ਮਹੀਨੇ ਦੀ ਵੱਧ ਤੋਂ ਵੱਧ ਰਕਮ ਦਾ ਚਾਰਟ ਇਸ ਪਰਚੇ ਦੇ ਪਿੱਛੇ ਹੈ।

ਡਾਕਟਰੀ ਮਦਦ

ਜੇ ਤੁਹਾਨੂੰ SSI ਦੇ ਪੈਸੇ ਮਿਲਦੇ ਹਨ ਤਾਂ ਤੁਹਾਨੂੰ ਮੈਡੀਕਲ ਮਦਦ ਭੀ ਆਪਣੇ ਆਪ ਮਿਲੇਗੀ। ਇਸਲਈ ਵਖਰੀ ਅਰਜ਼ੀ ਦੀ ਲੋੜ ਨਹੀਂ ਹੈ। ਜੇ ਤੁਹਾਨੂੰ ਇਸਬਾਰੇ ਕੋਈ ਸੁਆਲ ਹੋਵੇ ਤਾਂ ਆਪਣੇ ਜ਼ਿਲ੍ਹੇ (ਕਾਉਂਟੀ) ਦੇ ਵੈਲਫੇਅਰ ਦਫਤਰ ਨਾਲ ਗਲ ਕਰੋ।

ਫੂਡ ਸਟੈਂਪਸ (ਖਾਣੇ ਪੀਣੇ ਦੀ ਮਦਦ)

SSI ਲੈਣ ਵਾਲੇ ਲੋਕ ਫੂਡ ਸਟੈਂਪਸ ਨਹੀਂ ਲੈ ਸਕਦੇ, ਕਿਉਂਕੇ ਕੈਲੇਫੋਰਨੀਆ ਦੀ ਗੌਰਮੈਂਟ ਫੂਡ ਸਟੈਂਪਸ ਦੀ ਥਾਂ ਸਰਕਾਰ ਦੀ ਰਕਮ ਵਿੱਚ ਪੈਸੇ ਪਾਉਂਦੀ ਹੈ। ਤੁਸੀਂ ਫੂਡ ਸਟੈਂਪਸ ਤਾਂ ਲੈ ਸਕਦੇ ਹੋ ਜੇ:

- ਤੁਹਾਡੀ SSI ਦੀ ਅਰਜ਼ੀ ਵਿਚਾਰ ਅਧੀਨ ਹੈ।
- ਤੁਹਾਡੀ SSI ਦੀ ਅਰਜ਼ੀ ਮਨਜ਼ੂਰ ਨਹੀਂ ਹੋਈ, ਜਾਂ:
- ਤੁਸੀਂ ਕਿਸੇ ਹੋਰ ਸਟੇਟ ਵਿੱਚ ਚਲੇ ਗਏ ਹੋ।

ਫੂਡ ਸਟੈਂਪਸ ਲੈਣ ਦੀ ਹੋਰ ਜਾਣਕਾਰੀ ਲਈ ਆਪਣੇ ਜ਼ਿਲ੍ਹੇ (ਕਾਉਂਟੀ) ਦੇ ਵੈਲਫੇਅਰ ਦਫਤਰ ਨਾਲ ਗਲ ਕਰੋ।

ਹੋਰ ਰਿਆਸਤ ਤੇ ਜ਼ਿਲ੍ਹੇ ਦੇ ਪ੍ਰੋਗਰਾਮ

ਆਪਣੇ ਜ਼ਿਲ੍ਹੇ ਦੇ ਵੈਲਫੇਅਰ ਦਫਤਰ ਵੱਲੋਂ SSI ਲੈਣ ਵਾਲੇ ਲੋਕ ਸ਼ਾਇਦ ਹੋਰ ਰਕਮ ਦੀ ਮਦਦ ਲਈ ਹਕਦਾਰ ਹੋਣ। ਜੇ ਉਹ:

- ਅੰਨ੍ਹੇ ਜਾਂ ਅਸਮਰੱਥ ਹਨ ਤੇ ਉਹਨਾਂ ਨੂੰ ਕੁੱਤੇ ਦੀ ਮਦਦ ਚਾਹੀਦੀ ਹੋਵੇ।
- ਅਸਮਰੱਥ ਹਨ ਤੇ ਉਹਨਾਂ ਨੂੰ ਘਰ ਵਿੱਚ ਮਦਦ ਚਾਹੀਦੀ ਹੈ, ਅਤੇ
- ਘਰ ਵਿੱਚ ਹਫਾਜ਼ਤ ਦੀ ਮਦਦ ਚਾਹੀਦੀ ਹੈ।

ਇਸ ਰਕਮ ਤੇ ਮਦਦ ਵਾਸਤੇ ਹੋਰ ਜਾਣਕਾਰੀ ਲਈ ਆਪਣੇ ਜ਼ਿਲ੍ਹੇ (ਕਾਉਂਟੀ) ਦੇ ਵੈਲਫੇਅਰ ਦਫਤਰ ਨਾਲ ਗਲ ਕਰੋ।

SSI ਦੀਆਂ ਰਕਮਾਂ (ਪੇਮੈਂਟਸ)

ਥੱਲੇ ਵਾਲੇ ਚਾਰਟ ਦੀਆਂ ਰਕਮਾਂ ਦੋਨੋ ਸਟੇਟ ਅਤੇ ਸੈਂਟਰਲ ਗੌਰਮੈਂਟ ਵਲੋਂ ਰਲਾ ਕੇ ਹਨ। ਸਾਰੇ SSI ਲੈਣ ਵਾਲੇ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਰਕਮ ਨਹੀਂ ਮਿਲਦੀ। ਜੇ ਤੁਹਾਡੀ ਕੋਈ ਹੋਰ ਆਮਦਨ ਹੈ ਤਾਂ SSI ਦੀ ਰਕਮ ਘੱਟ ਮਿਲੇਗੀ। ਤੁਹਾਨੂੰ ਕਿੰਨੀ ਰਕਮ ਮਿਲ ਸਕਦੀ ਹੈ ਉਸ ਦਾ ਪੂਰਾ ਪਤਾ ਸੋਸ਼ਲ ਸਕਿਉਰਟੀ ਦੇ ਦਫਤਰ ਤੋਂ ਲੈ ਸਕਦੇ ਹੋ।

ਬਜ਼ੁਰਗ ਅਤੇ ਅਸਮਰੱਥ ਲੋਕ ਜਿਹੜੇ ਰਹਾਇਸ਼ ਵਾਲੀ ਥਾਂ ਤੇ ਖਾਣਾ ਨਹੀਂ ਬਣਾ ਜਾਂ ਰੱਖ ਸਕਦੇ, ਉਹ ਸ਼ਾਇਦ ਸਟੇਟ ਵਲੋਂ ਹੋਰ ਰਕਮ ਦੇ ਹਕਦਾਰ ਹੋ ਸਕਦੇ ਹਨ। ਜਿਹੜੇ ਲੋਕਾਂ ਕੋਲ ਖਾਣਾ ਬਨਾਉਣ ਦੀ ਥਾਂ ਹੈ ਪਰ ਆਪ ਖਾਣਾ ਬਨਾਉਣ ਦੇ ਕਾਬਲ ਨਹੀਂ ਹਨ ਉਹਨਾਂ ਨੂੰ ਸ਼ਾਇਦ ਆਪਣੇ ਜ਼ਿਲੇ ਦੇ ਵੈਲਫੇਅਰ ਦਫਤਰ ਦੀ ਮਦਦ ਕਰਨ ਵਾਲੇ ਮਹਿਕਮੇ ਵਲੋਂ ਪੈਸੇ ਮਿਲ ਸਕਦੇ ਹਨ। ਤੁਹਾਡਾ ਸੋਸ਼ਲ ਸਕਿਉਰਟੀ ਦਾ ਦਫਤਰ ਤੁਹਾਨੂੰ ਇਹ ਗੱਲਾਂ ਸਮਝਾ ਸਕਦਾ ਹੈ।

ਹੋਰ ਪੁਛ ਗਿਛ ਲਈ

ਤੁਸੀਂ ਹਰ ਦਿਨ ਜਾਂ ਰਾਤ ਨੂੰ ਸੋਸ਼ਲ ਸਕਿਉਰਟੀ ਦਾ 1-800-772-1213 ਟੈਲੀਫੋਨ ਨੰਬਰ ਤੇ ਮੁਫ਼ਤ ਕਾਲ ਕਰਕੇ ਸਾਰੀ ਸੂਚਨਾ ਸੁਣ ਸਕਦੇ ਹੋ। ਛੁੱਟੀ ਵਾਲੇ ਦਿਨ ਛੱਡਕੇ ਤੁਸੀਂ ਸਵੇਰੇ 7 ਵਜੇ ਤੋਂ ਸ਼ਾਮ ਦੇ 7 ਵਜੇ ਤੱਕ ਨੁਮਾਇੰਦੇ ਤੁਸੀਂ ਸਵੇਰੇ 7 ਵਜੇ ਤੋਂ ਸ਼ਾਮ ਦੇ 7 ਵਜੇ ਤੱਕ ਨੁਮਾਇੰਦੇ ਕੋਲੋਂ ਪੁਛ ਗਿਛ ਕਰ ਸਕਦੇ ਹੋ। ਲੋਕ ਹਫ਼ਤੇ ਅਤੇ ਮਹੀਨੇ ਦੇ ਸ਼ੁਰੂ ਵਿੱਚ ਟੈਲੀਫੋਨ ਬਹੁਤ ਕਰਦੇ ਹਨ, ਜੇ ਤੁਸੀਂ ਠਹਿਰ ਸਕਦੇ ਹੋਵੋ ਤਾਂ ਹੋਰ ਕਿਸੇ ਟਾਈਮ ਤੇ ਕਾਲ ਕਰੋ। ਕਾਲ ਕਰਨ ਤੋਂ ਪਹਿਲਾਂ ਆਪਣਾ ਸੋਸ਼ਲ ਸਕਿਉਰਟੀ ਨੰਬਰ ਤਿਆਰ ਰੱਖੋ।

ਸੋਸ਼ਲ ਸਕਿਉਰਟੀ ਦੇ ਕਾਰਜ ਲਈ ਜੇ ਪੰਜਾਬੀ ਬੋਲਣ ਵਾਲੇ ਦੀ ਲੋੜ ਹੋਵੇ, ਤਾਂ ਤੁਹਾਡੇ ਕਹਿਣ ਤੇ ਅਸੀਂ ਉਹਦਾ ਮੁਫ਼ਤ ਬੰਦੋਬਸਤ ਕਰ ਸਕਦੇ ਹਾਂ।

ਜਿਹੜੇ ਲੋਕ ਬੋਲੇ ਹਨ ਜਾਂ ਘੱਟ ਸੁਣਦਾ ਹੈ ਉਹ ਮੁਫ਼ਤ TTY ਦਾ 1-800-325-0778 ਨੰਬਰ ਸਵੇਰੇ 7 ਤੋਂ ਸ਼ਾਮ ਦੇ 7 ਵਜੇ ਤਕ ਛੁੱਟੀ ਵਾਲੇ ਦਿਨ ਛੱਡਕੇ ਕਾਲ ਕਰ ਸਕਦੇ ਹਨ।

ਤੁਸੀਂ ਸਾਨੂੰ ਇੰਟਰਨੈਟ ਤੇ ਭੀ ਮਿਲ ਸਕਦੇ ਹੋ। ਪੁਛ ਗਿਛ ਲਈ http://www.ssa.gov ਟਾਈਪ ਕਰੋ।

ਸੋਸ਼ਲ ਸਕਿਉਰਟੀ ਮੁਲਾਜ਼ਿਮ ਤੁਹਾਨੂੰ ਦਸ ਸਕਦੇ ਹਨ ਕਿ SSI ਲੈਣ ਲਈ ਕੀ ਸੂਚਨਾ ਦੀ ਲੋੜ ਹੈ। ਬੱਚੇ ਜੋ 18 ਸਾਲ ਤੋਂ ਘੱਟ ਹਨ, ਅਨ੍ਹੇ ਜਾਂ ਅਸਮਰੱਥ ਹਨ, ਉਨ੍ਹਾਂ ਦੇ ਮਾਤਾ ਪਿਤਾ ਜਾਂ ਰਾਖਾ ਉਨ੍ਹਾ ਲਈ ਦਰਖ਼ਾਸਤ ਕਰ ਸਕਦੇ ਹਨ।

ਸੋਸ਼ਲ ਸਕਿਉਰਟੀ ਵਾਲੇ ਸਭ ਕਾਲਾਂ ਨੂੰ ਗੁਪਤ ਰਖਦੇ ਹਨ ਜਿਹੜੀਆਂ ਉਹਨਾਂ ਦੇ ਟੋਲ ਫਰੀ ਨੰਬਰ ਜਾਂ ਦਫਤਰ ਨੂੰ ਕੀਤੀਆਂ ਹੋਣ। ਉਹ ਵੱਧ ਤੋਂ ਵੱਧ ਕੋਸ਼ਿਸ਼ ਕਰਦੇ ਹਨ ਕੇ ਤੁਹਾਡੀ ਸੇਵਾ ਬਿਲਕੁਲ ਠੀਕ ਅਤੇ ਆਦਰ ਨਾਲ ਹੋਵੇ। ਇਸ ਕਰਕੇ ਉਹਨਾਂ ਨੇ ਦੂਸਰਾ ਨੁਮਾਇੰਦਾ ਰਖਿਆ ਹੈ ਜਿਹੜਾ ਕੁਛ ਇੱਕ ਆਉਣ ਤੇ ਜਾਣ ਵਾਲੀਆਂ ਕਾਲਾਂ ਨੂੰ ਚੈਕ ਕਰਦਾ ਹੈ।

ਇਕੱਲੇ	ਬਜ਼ੁਰਗ	ਅਸਮਰੱਥ	ਅੰਨ੍ਹੇ
ਆਤਮ ਨਿਰਭਰ		676.00	
ਮੈਡੀਕਲ ਤੋਂ ਇਲਾਵਾ ਰਹਿਣਾ ਖਾਣਾ		827.00	
ਆਤਮ ਨਿਰਭਰ ਖਾਣਾ ਪਕਾਉਣ ਦੀ ਥਾਂ ਤੋਂ ਬਗੈਰ		747.00	
ਕਿਸੇ ਹੋਰ ਦੇ ਘਰ ਰਹਿਣਾ		517.00	585.00
ਅਸਮਰੱਥ 18 ਸਾਲ ਤੋਂ ਛੋਟੇ ਬੱਚੇ		579.00	
ਕਿਸੇ ਹੋਰ ਦੇ ਘਰ ਰਹਿਣਾ		411.00	
ਵਿਆਹੇ ਜੋੜੇ ਬਜ਼ੁਰਗ ਅਤੇ/ਜਾਂ ਅਸਮਰੱਥ			
ਆਤਮ ਨਿਰਭਰ		1,201.00	
ਮੈਡੀਕਲ ਤੋਂ ਇਲਾਵਾ ਰਹਿਣਾ ਖਾਣਾ		1,654.00	
ਆਤਮ ਨਿਰਭਰ ਖਾਣਾ ਪਕਾਉਣ ਦੀ ਥਾਂ ਤੋਂ ਬਗੈਰ		1,343.00	
ਕਿਸੇ ਹੋਰ ਦੇ ਘਰ ਰਹਿਣਾ		983.00	
ਅੰਨ੍ਹੇ			
ਆਤਮ ਨਿਰਭਰ		1,391.00	
ਕਿਸੇ ਹੋਰ ਦੇ ਘਰ ਰਹਿਣਾ		1,174.00	
ਅੰਨ੍ਹੇ ਲੋਕਾਂ ਦੇ ਬਜ਼ੁਰਗ ਜਾਂ ਅਸਮਰੱਥ ਪਤੀ ਪਤਨੀ			
ਆਤਮ ਨਿਰਭਰ		1,320.00	
ਕਿਸੇ ਹੋਰ ਦੇ ਘਰ ਰਹਿਣਾ		1,102.00	

Social Security Administration
SSA Publication No.05-11183
January 1999 *(Recycle prior editions)*